# (ਕੇਵਲ ਓਪਨ ਸਕੂਲ ਪ੍ਰਣਾਲੀ ਲਈ)

**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ

1. ਸਮੂਹ ਜਿਲ੍ਹਾ ਮੈਨੇਜਰ (ਖੇਤਰੀ ਦਫਤਰ)
2. ਸਮੂਹ ਓਪਨ ਸਕੂਲ, ਅਧਿਐਨ ਕੇਂਦਰ, ਪੰਜਾਬ

ਨੰ: ਪਸਸਬ/ਪ੍ਰੀਖਿਆ ਬਾਰ੍ਹਵੀਂ/ਸ.ਸ./ 1768    ਮਿਤੀ 9/01/2026

ਵਿਸ਼ਾ:- **ਦਸਵੀ/ਬਾਰ੍ਹਵੀਂ ਦੀਆਂ ਫਰਵਰੀ/ਮਾਰਚ-2026 ਦੀਆਂ ਓਪਨ ਸਕੂਲ ਪ੍ਰਣਾਲੀ ਅਧੀਨ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਅਪੀਅਰ ਹੋਣ ਵਾਲੇ ਪ੍ਰੀਖਿਆਰਥੀਆਂ ਦੇ ਵੇਰਵਿਆਂ ਆਦਿ ਦੀ ਸੋਧ ਦੇ ਚਲਾਨ ਖੇਤਰੀ ਦਫਤਰ ਪੱਧਰ ਤੇ ਜਨਰੇਟ ਕਰਦੇ ਹੋਏ ਬਣਦੀ ਫੀਸ ਲੈਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਚੇਅਰਮੈਨ ਜੀ ਦੇ ਆਦੇਸ਼ਾਂ ਅਨੁਸਾਰ ਦਸਵੀ/ਬਾਰ੍ਹਵੀਂ ਫਰਵਰੀ/ਮਾਰਚ 2026 ਦੌਰਾਨ ਓਪਨ ਪ੍ਰਣਾਲੀ ਅਧੀਨ ਸਕੂਲ ਵਿੱਚ ਅਪੀਅਰ ਹੋਣ ਵਾਲੇ ਪ੍ਰੀਖਿਆਰਥੀਆਂ ਦੇ ਵੇਰਵਿਆਂ, ਰਜਿਸਟ੍ਰੇਸ਼ਨ ਨੰਬਰ, ਫੋਟੋ, ਵਿਸ਼ੇ, ਸਟਰੀਮ, ਹਸਤਾਖਰ ਅਤੇ ਜਨਮ ਮਿਤੀ ਆਦਿ ਦੀ ਸੋਧ ਲਈ ਹੇਠ ਲਿਖੇ ਪਿਛਲੇ ਸ਼ਡਿਊਲ ਅਨੁਸਾਰ ਫੀਸ ਨਿਰਧਾਰਿਤ ਕਰਦੇ ਹੋਏ ਸਮਾਂ ਦਿੱਤਾ ਗਿਆ ਸੀ, ਜਿਸ ਸਬੰਧੀ ਚਲਾਨ ਜਨਰੇਟ ਕਰਨ ਅਤੇ ਫੀਸ ਜਮ੍ਹਾਂ ਕਰਨ ਦੀ ਕਾਰਵਾਈ ਬੋਰਡ ਦੇ ਮੁੱਖ ਦਫਤਰ ਵਿਖੇ ਕੀਤੀ ਜਾ ਰਹੀ ਸੀ ਪਰੰਤੂ ਇਸ ਸਮੇਂ ਪੰਜਾਬ ਰਾਜ ਵਿੱਚ ਠੰਡ ਅਤੇ ਧੁੰਦ ਹੋਣ ਕਾਰਨ ਸਕੂਲਾਂ ਨੂੰ ਮੁੱਖ ਦਫਤਰ ਵਿਖੇ ਪਹੁੰਚ ਕਰਨ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ। ਇਸ ਸਥਿਤੀ ਨੂੰ ਮੁੱਖ ਰੱਖਦੇ ਹੋਏ ਚੇਅਰਮੈਨ ਜੀ ਵੱਲੋਂ ਹੁਕਮ ਕੀਤੇ ਗਏ ਹਨ ਕਿ ਉਕਤ ਕਾਰਵਾਈ ਮੁੱਖ ਦਫਤਰ ਦੇ ਨਾਲ-ਨਾਲ ਸਮੂਹ ਖੇਤਰੀ ਦਫਤਰਾਂ ਦੇ ਪੱਧਰ ਤੇ ਵੀ ਕੀਤੀ ਜਾਵੇ, ਇਸ ਲਈ ਸਮੂਹ ਖੇਤਰੀ ਦਫਤਰਾਂ ਨੂੰ ਸੋਧਾਂ ਦਾ ਚਲਾਨ ਜਨਰੇਟ ਕਰਨ ਦੇ ਨਾਲ-ਨਾਲ ਫੀਸ ਜਮ੍ਹਾਂ ਕਰਨ ਉਪਰੰਤ ਵੈਰੀਫਾਈ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ। ਨਾਲ ਨੱਥੀ ਚੈੱਕ ਲਿਸਟ ਅਨੁਸਾਰ ਦਸਤਾਵੇਜ਼ ਚੈੱਕ ਕਰਨ ਉਪਰੰਤ ਦਸਵੀਂ/ਬਾਰ੍ਹਵੀਂ (ਓਪਨ ਸਕੂਲ) ਦੀ ਸੋਧ ਲਈ ਹੇਠ ਲਿਖੇ ਅਨੁਸਾਰ ਫੀਸ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ:-

| ਲੜੀ ਨੰ | ਸੋਧ ਦਾ ਵੇਰਵਾ | ਫੀਸ ਦਾ ਵੇਰਵਾ | ਪੋਰਟਲ ਆਨਲਾਈਨ ਕਰਨ ਦੀ ਮਿਤੀ | ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਫੀਸ ਭਰਨ ਦੀ ਆਖਰੀ ਮਿਤੀ |
|---|---|---|---|---|---|
| 1. | ਵੇਰਵਿਆਂ ਦੀ ਸੋਧ | 1000/- ਰੁਪਏ ਪ੍ਰਤੀ ਸੋਧ | 06-01-2026 ਤੋਂ 11-01-2026 | 12-01-2026 | 16-01-2026 |
| 2. | ਰਜਿਸਟ੍ਰੇਸ਼ਨ ਨੰਬਰ, ਫੋਟੋ, ਵਿਸ਼ੇ, ਸਟਰੀਮ, ਜਨਮ ਮਿਤੀ, ਹਸਤਾਖਰ ਆਦਿ | 2000/- ਰੁਪਏ ਪ੍ਰਤੀ ਸੋਧ | 06-01-2026 ਤੋਂ 11-01-2026 | 12-01-2026 | 16-01-2026 |

09/01/26

ਸਹਾਇਕ ਸਕੱਤਰ

(ਪ੍ਰੀਖਿਆ ਬਾਰ੍ਹਵੀਂ)

# ਪੰਜਾਬ ਸਕੂਲ ਸਿੱਖਿਆ ਬੋਰਡ

ਤਰੁੱਟੀਆਂ ਸਬੰਧੀ ਚੈੱਕ ਲਿਸਟ:-

| ਜਮਾਤ | ਤਰੁੱਟੀਆਂ ਦੀ ਕਿਸਮ | ਲੋੜੀਦੇ ਦਸਤਾਵੇਜ਼ | |
|---|---|---|---|
| $8^{th}$ | Date of birth | Birth certificate/Primary certificate(If passed from PSEB) | ☐ |
| | Signature | Declaration by the school head | ☐ |
| | Subject | Declaration by the school head | ☐ |
| | Registration number | Primary certificate(if passed from PSEB) | ☐ |
| $9^{th}$ and $10^{th}$ | Date of birth | Birth certificate+ primary certificate/middle certificate(if passed from PSEB),declaration by school head | ☐ |
| | Photo | Declaration by school head | ☐ |
| | Signature | Declaration by school head | ☐ |
| | Registration number | Primary +middle certificate(if passed from PSEB) | ☐ |
| | Subject | Declaration by school head<br>* (NSQF $9^{th}$ result attested copy/report card) | ☐ |
| $11^{th}$ and $12^{th}$ | Date of birth | Birth Certificate + Matriculation Certificate+ declaration by school head | ☐ |
| | Photo | Declaration by school head, certificate of attestation by school head<br>*(1.0 ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਪੀਐਸਈਬੀ ਤੋਂ ਕੀਤੀ ਹੈ, ਉਹਨਾਂ ਦੀ ਦਸਵੀਂ ਵਾਲੀ ਫੋਟੋ ਹੀ ਬਾਰ੍ਹਵੀਂ ਵਿੱਚ ਦਰਜ ਰਹੇਗੀ। ਅਜਿਹੇ ਵਿਦਿਆਰਥੀਆਂ ਦੀ ਫੋਟੋ ਨਹੀ ਸੋਧੀ ਜਾਵੇਗੀ।<br>2.0 ਦਸਵੀਂ ਦੇ ਸਰਟੀਫਿਕੇਟ ਅਤੇ ਦੂਜੇ ਬੋਰਡ ਦੇ ਸਕੂਲ ਤੋਂ ਆਏ ਵਿਦਿਆਰਥੀ ਦੀ ਫੋਟੋ ਨਾਲ compare ਕਰਕੇ ਫੋਟੋ ਦੀ ਸੋਧ ਕੀਤੀ ਜਾਵੇਗੀ) | ☐ |
| | Stream change | Declaration by school head+ $11^{th}$ class result registered | ☐ |
| | Subject | Declaration by school head | ☐ |
| | Sign | Declaration by school head | ☐ |
| | Registration number | $5^{th}$, $8^{th}$,$10^{th}$ copy of certificate(if passed from PSEB) | ☐ |